## ਆਈ. ਸੀ. ਏ. ਆਰ. - ਕੇਂਦਰੀ ਕਪਾਹ ਖ਼ੋਜ ਸੰਸਥਾ, ਨਾਗਪੁਰ

## ਨਰਮੇਂ - ਕਪਾਹ ਦੀ ਕਾਸ਼ਤ ਲਈ ਛੇਵੀਂ ਹਫ਼ਤਾਵਾਰੀ ਸਲਾਹ (16 ਜੁਲਾਈ ਤੋਂ 22 ਜੁਲਾਈ, 2024 ਤੱਕ)

| ਪੰਜਾਬ | | ਅਸਲ ਵਿੱਚ ਪਿਆ ਮੀਂਹ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.) | | | | | ਮੀਂਹ ਦੀ ਭਵਿੱਖਬਾਣੀ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.) | | | | |
|---|---|---|---|---|---|---|---|---|---|---|---|
| | | ਜੁਲਾਈ | | | | | ਜੁਲਾਈ | | | | |
| | | 12 | 13 | 14 | 15 | 16 | 18 | 19 | 20 | 21 | 22 |
|  | ਫ਼ਿਰੋਜ਼ਪੁਰ | 0.5 | 0.5 | 0.5 | 0 | 0 | 0 | 4 | 4 | 2 | 0 |
| | ਫ਼ਰੀਦਕੋਟ | 10.5 | 1 | 0 | 0 | 0 | 0 | 1 | 4 | 1 | 0 |
| | ਮੁਕਤਸਰ | | | | | | 0 | 1 | 5 | 3 | 0 |
| | ਬਠਿੰਡਾ | 0 | 0 | 0 | 0 | 0 | 0 | 2 | 5 | 2 | 0 |
| | ਸੰਗਰੂਰ | 0 | 0 | 0 | 0 | 0 | 0 | 5 | 6 | 0 | 0 |
| | ਲੁਧਿਆਣਾ | 0 | 1.6 | 0 | 0 | 0 | 1 | 6 | 7 | 2 | 0 |
| ਮੀਂਹ ਦੀ ਮਾਤਰਾ ਅਤੇ ਰੰਗ ਕੋਡ | | 0.1 ਤੋਂ 2.4 ਮਿ. ਮੀ. | | 2.5 ਤੋਂ 15.5 ਮਿ. ਮੀ. | | 15.6 ਤੋਂ 64.4 ਮਿ. ਮੀ. | 64.5 ਤੋਂ 115.5 ਮਿ. ਮੀ. | | 115.6 ਤੋਂ 204.4 ਮਿ. ਮੀ. | | |
| ਮੀਂਹ ਦੀ ਕਿਸਮ | | ਬਹੁਤ ਹਲਕਾ ਮੀਂਹ | | ਹਲਕਾ ਮੀਂਹ | | ਮੱਧਮ ਦਰਜੇ ਦਾ ਮੀਂਹ | ਭਾਰਾ ਮੀਂਹ | | ਬਹੁਤ ਭਾਰਾ ਮੀਂਹ | | |

**ਫ਼ਸਲ ਦੀ ਹਾਲਤ :**

ਬਠਿੰਡਾ ਵਿਖੇ ਫ਼ਸਲ ਫੁੱਲਾਂ ਤੇ ਹੈ। ਗੁਡਾਈ ਅਤੇ ਨਦੀਨ ਕੱਢਣ ਦਾ ਕੰਮ ਜਾਰੀ ਹੈ। ਜਿੱਥੇ ਫ਼ਸਲ ਫੁੱਲਾਂ ਤੇ ਹੈ ਉੱਥੇ 2 % ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਛਿੜਕਾਅ ਕੀਤਾ ਗਿਆ ਹੈ। ਖੇਤਾਂ ਵਿੱਚ ਚੁਲਾਈ, ਦੋਦਕ, ਮੋਥਾ, ਤਾਂਦਲਾ, ਮਾਧਾਣਾ, ਮੱਕੜਾ, ਖੱਬਲ, ਚਿੱਬੜ ਵੇਲ ਅਤੇ ਇੱਟਸਿਟ ਆਦਿ ਨਦੀਨ ਦੇਖੇ ਗਏ ਹਨ। ਚਿੱਟੀ ਮੱਖੀ ਦੀ ਮਿਕਦਾਰ 13-42 ਪ੍ਰਤੀ ਤਿੰਨ ਪੱਤੇ ਦੇਖੀ ਗਈ ਹੈ। ਹਰਾ ਤੇਲਾ 0-7 ਪ੍ਰਤੀ ਤਿੰਨ ਪੱਤੇ; ਅਤੇ ਜੂੰ 11-39 ਪ੍ਰਤੀ ਤਿੰਨ ਪੱਤੇ ਦੇਖੀ ਗਈ ਹੈ। ਗੁਲਾਬੀ ਸੁੰਡੀ ਦਾ ਹਮਲਾ ਨਹੀਂ ਦੇਖਿਆ ਗਿਆ ਪਰ ਕੁੱਝ ਥਾਵਾਂ ਤੇ ਫ਼ਿਰੋਮੋਨ ਟਰੈਪਾਂ ਵਿੱਚ ਗੁਲਾਬੀ ਸੁੰਡੀ ਦੇ ਬਾਲਗ ਦੇਖੇ ਗਏ ਹਨ । ਕੁੱਝ ਖੇਤਾਂ ਵਿੱਚ ਜੜ੍ਹ ਗਲਣ ਦੀ ਬਿਮਾਰੀ ਦੇਖੀ ਗਈ ਹੈ।

ਫ਼ਰੀਦਕੋਟ ਵਿਖੇ ਸਮੇਂ ਸਿਰ ਬੀਜੀ ਗਈ ਫ਼ਸਲ 69 ਤੋਂ 79 ਦਿਨਾਂ ਦੀ ਹੈ ਅਤੇ ਫੁੱਲ-ਡੋਡੀ ਦੇ ਪੜਾਅ ਤੇ ਹੈ। ਟਰੈਕਟਰ ਨਾਲ ਨਾਲ ਗੋਡੀ ਕੀਤੀ ਗਈ ਹੈ ਅਤੇ ਖ਼ਾਦ ਪਾਈ ਗਈ ਹੈ। ਬਹੁਤੀਆਂ ਥਾਵਾਂ ਤੇ ਚਿੱਟੀ ਮੱਖੀ ਅਤੇ ਜੂੰ ਦੀ ਮਿਕਦਾਰ ਆਰਥਿਕ ਪੱਧਰ ਤੋਂ ਉੱਪਰ ਦੇਖੀ ਗਈ ਹੈ। ਬਹਤੇ ਖੇਤਾਂ ਵਿੱਚ ਗੁਲਾਬੀ ਸੁੰਡੀ ਦਾ ਹਮਲਾ ਆਰਥਿਕ ਪੱਧਰ ਤੋਂ ਥੱਲੇ ਦੇਖਿਆ ਗਿਆ।

**ਸਲਾਹ :-**

ਬਠਿੰਡਾ ਵਿਖੇ ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਮਿੱਟੀ ਦੀ ਕਿਸਮ ਅਤੇ ਨਮੀ ਦੀ ਸਥਿਤੀ ਅਨੁਸਾਰ ਕੁੱਲ 90 ਕਿਲੋ ਯੂਰੀਆ ਪ੍ਰਤੀ ਏਕੜ ਨੂੰ 2-3 ਬਰਾਬਰ ਭਾਗਾਂ ਵਿੱਚ ਵੰਡ ਕੇ ਪਾਉਣ। ਤਰ ਮਿੱਟੀ ਵਿੱਚ ਨਦੀਨਾਂ ਨੂੰ ਕਾਬੂ ਕਰਨ ਲਈ (ਫ਼ਸਲ ਬਿਜਾਈ ਦੇ 6 ਤੋਂ 8 ਹਫ਼ਤੇ ਬਾਅਦ ਜਦੋਂ ਫ਼ਸਲ ਦਾ ਕੱਦ 40–45 ਸੇਂ. ਮੀ. ਹੋਵੇ) ਇੱਕ ਰੱਖਿਆਤਮਕ ਹੁੱਡ ਦੀ ਵਰਤੋਂ ਕਰਕੇ ਫਸਲ ਦੀਆਂ ਕਤਾਰਾਂ ਦੇ ਵਿਚਕਾਰ ਨਿਰਦੇਸ਼ਿਤ ਸਪਰੇਅ ਵਜੋਂ 100 ਲੀਟਰ ਪਾਣੀ ਵਿੱਚ 500 ਮਿਲੀਲੀਟਰ ਗਲੂਫੋਸਿਨੇਟ ਅਮੋਨੀਅਮ 13.5 ਐਸ ਐਲ ਦਾ ਘੋਲ ਬਣਾ ਕੇ ਛਿੜਕਾਅ ਕਰੋ । ਜ਼ਿਆਦਾ ਮੀਂਹ ਪੈਣ ਤੋਂ ਬਾਅਦ ਖੇਤ ਵਿਚੋਂ ਪਾਣੀ ਕੱਢ ਦਿਓ ਕਿਉਂਕਿ ਨਰਮੇਂ –ਕਪਾਹ ਦੀ ਫ਼ਸਲ ਖੜ੍ਹੇ ਪਾਣੀ ਪ੍ਰਤੀ ਬਹੁਤ ਸੰਵੇਦਨਸ਼ੀਲ ਹੈ। ਚਿੱਟੀ ਮੱਖੀ ਨੂੰ ਕਾਬੂ ਕਰਨ ਲਈ ਅਫੀਡੋਪਾਈਰਨ 50 ਡੀ ਸੀ @ 400 ਮਿਲੀਲੀਟਰ ਪ੍ਰਤੀ ਏਕੜ ਜਾਂ ਫਲੋਨਿਕਾਮਿਡ 50 ਡਬਲਯੂ ਜੀ @ 80 ਗ੍ਰਾਮ ਪ੍ਰਤੀ ਏਕੜ ਜਾਂ ਕਲੋਥਿਆਨਿਡਿਨ 50 ਡਬਲਯੂ ਡੀ ਜੀ @ 20 ਗ੍ਰਾਮ ਪ੍ਰਤੀ ਏਕੜ ਜਾਂ ਡਾਇਨੋਟਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਕਰੋ । ਹਰੇ ਤੇਲੇ ਲਈ ਡਾਇਨੋਟੇਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਜਾਂ ਟੌਲਫੇਨਪਾਈਰਾਡ 15 ਈ ਸੀ @ 400 ਮਿਲੀਲੀਟਰ ਪ੍ਰਤੀ ਏਕੜ ਜਾਂ ਫੇਨਪਾਇਰੋਕਸੀਮੇਟ 5 ਈ ਸੀ @ 300 ਦਾ ਛਿੜਕਾਅ ਕਰੋ। ਜੇਕਰ ਜੂੰ ਦੀ ਮਿਕਦਾਰ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਪ੍ਰੋਫੇਨੋਫੋਸ 50 ਈ. ਸੀ. @ 600 ਮਿਲੀਲੀਟਰ ਪ੍ਰਤੀ ਏਕੜ ਜਾਂ ਸਪਾਈਨਟੋਰਾਮ 11.7% ਐਸ. ਸੀ. ਦਾ ਛਿੜਕਾਅ ਕਰੋ । ਜੇਕਰ ਖ਼ੇਤ ਵਿੱਚ ਭੰਬੀਰੀ ਵਰਗੇ ਫੁੱਲ ਹਨ ਤਾਂ ਉਹਨਾਂ ਨੂੰ ਤੋੜ ਕੇ ਨਸ਼ਟ ਕਰ ਦਿਓ। ਉਹਨਾਂ ਖ਼ੇਤਾਂ ਦੀ ਨਿਗਰਾਨੀ ਕਰੋ ਜਿੱਥੇ ਫ਼ਸਲ ਫੁੱਲਾਂ ਦੇ ਪੜਾਅ 'ਤੇ ਹੈ। ਜੇ ਗੁਲਾਬੀ ਸੁੰਡੀ ਆਰਥਿਕ ਪੱਧਰ ਤੋਂ ਉੱਪਰ (10 ਪ੍ਰਤੀਸ਼ਤ ਤੋਂ ਉੱਪਰ) ਹੋਵੇ ਤਾਂ

ਪ੍ਰੋਫੇਨੋਫੋਸ 50 ਈ. ਸੀ. @ 600 ਮਿਲੀਲੀਟਰ ਪ੍ਰਤੀ ਏਕੜ ਜਾਂ ਇਮਾਮੇਕਟਿਨ ਬੇਨਜ਼ੋਏਟ 5 ਐਸ. ਜੀ. @ 100 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਕਰੋ। ਭਾਰੇ ਮੀਂਹ/ ਸਿੰਚਾਈ ਤੋਂ ਬਾਅਦ ਨਰਮੇਂ ਦੀ ਫ਼ਸਲ ਵਿੱਚ ਪੈਰਾਵਿਲਟ ਕਰਕੇ ਕੁੱਝ ਬੂਟੇ ਮੁਰਝਾ ਜਾਂਦੇ ਹਨ। ਪੈਰਾਵਿਲਟ ਦੀਆਂ ਮੁਢਲੀਆਂ ਨਿਸ਼ਾਨੀਆਂ ਦੇਖਦੇ ਸਾਰ ਹੀ, ਉਹਨਾਂ ਬੂਟਿਆਂ ਉੱਪਰ ਕੋਬਾਲਟ ਕਲੋਰਾਈਡ @10 ਮਿ. ਗ੍ਰਾਮ ਪ੍ਰਤੀ 10 ਲਿਟਰ ਪਾਣੀ ਦਾ ਪ੍ਰਭਾਵਿਤ ਬੂਟਿਆਂ ਤੇ ਛਿੜਕਾਅ ਕਰੋ।

ਫ਼ਰੀਦਕੋਟ ਵਿਖੇ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜ਼ਿਆਦਾ ਮੀਂਹ ਪੈਣ ਤੋਂ ਬਾਅਦ ਖੇਤ ਵਿਚੋਂ ਪਾਣੀ ਕੱਢ ਦੇਣ ਕਿਉਂਕਿ ਨਰਮੇਂ –ਕਪਾਹ ਦੀ ਫ਼ਸਲ ਖੜ੍ਹੇ ਪਾਣੀ ਪ੍ਰਤੀ ਬਹੁਤ ਸੰਵੇਦਨਸ਼ੀਲ ਹੈ। ਖ਼ਾਦ ਦੀ ਚੰਗੀ ਵਰਤੋਂ ਲਈ ਨਾਈਟ੍ਰੋਜਨ ਦੀ ਸਿਫਾਰਸ਼ੀ ਖ਼ੁਰਾਕ ਪਹਿਲੀ ਸਿੰਚਾਈ ਬਾਅਦ ਪਾਉਣ । ਸਿੰਚਾਈ ਤੋਂ ਪਹਿਲਾਂ ਨਾਈਟ੍ਰੋਜਨ ਖ਼ਾਦ (ਯੂਰੀਆ) ਦਾ ਛਿੱਟਾ ਮਾਰਨ ਤੋਂ ਗੁਰੇਜ਼ ਕਰੋ ਕਿਉਂਕਿ ਇਸ ਨਾਲ ਖ਼ਾਦ ਜ਼ਮੀਨ ਵਿੱਚ ਡੂੰਘਾ ਚਲਾ ਜਾਂਦਾ ਹੈ ਅਤੇ ਜਿਸ ਦੇ ਨਤੀਜੇ ਵਜੋਂ ਜ਼ਮੀਨੀ ਪਾਣੀ ਦੂਸ਼ਿਤ ਹੁੰਦਾ ਹੈ। ਮਿੱਟੀ ਦੀ ਕਿਸਮ ਅਤੇ ਨਮੀ ਦੀ ਸਥਿਤੀ ਅਨੁਸਾਰ ਕੁੱਲ 90 ਕਿਲੋ ਯੂਰੀਆ ਪ੍ਰਤੀ ਏਕੜ ਨੂੰ 2-3 ਬਰਾਬਰ ਭਾਗਾਂ ਵਿੱਚ ਵੰਡ ਕੇ ਪਾਓ। ਨਦੀਨਾਂ ਨੂੰ ਕਾਬੂ ਕਰਨ ਲਈ (ਫ਼ਸਲ ਬਿਜਾਈ ਦੇ 6 ਤੋਂ 8 ਹਫ਼ਤੇ ਬਾਅਦ ਜਦੋਂ ਫ਼ਸਲ ਦਾ ਕੱਦ 40–45 ਸੈਂ. ਮੀ. ਹੋਵੇ) ਇੱਕ ਰੱਖਿਆਤਮਕ ਹੁੱਡ ਦੀ ਵਰਤੋਂ ਕਰਕੇ ਫਸਲ ਦੀਆਂ ਕਤਾਰਾਂ ਦੇ ਵਿਚਕਾਰ ਨਿਰਦੇਸ਼ਿਤ ਸਪਰੇਅ ਵਜੋਂ 100 ਲੀਟਰ ਪਾਣੀ ਵਿੱਚ 500 ਮਿਲੀਲੀਟਰ ਗਲੂਫੋਸਿਨੇਟ ਅਮੋਨੀਅਮ 13.5 ਐਸ ਐਲ ਦਾ ਘੋਲ ਬਣਾ ਕੇ ਛਿੜਕਾਅ ਕਰੋ। ਗਲੂਫੋਸਿਨੇਟ ਗ਼ੈਰ–ਚੋਣਵੀਂ ਨਦੀਨਨਾਸ਼ਕ ਹੈ ਅਤੇ ਜੇ ਇਹ ਫ਼ਸਲ ਦੇ ਪੱਤਿਆਂ 'ਤੇ ਡਿੱਗਦਾ ਹੈ ਤਾਂ ਫਸਲ ਨੂੰ ਨੁਕਸਾਨ ਹੁੰਦਾ ਹੈ। ਸਾਲਾਨਾ ਘਾਹ ਅਤੇ ਚੌੜੇ ਪੱਤੇ ਵਾਲੇ ਨਦੀਨਾਂ ਨੂੰ ਕਾਬੂ ਕਰਨ ਲਈ ਬਿਜਾਈ ਤੋਂ 30-35 ਦਿਨਾਂ ਬਾਅਦ ਪਾਈਰੀਥੀਓਬੈਕ ਸੋਡੀਅਮ 6 ਪ੍ਰਤੀਸ਼ਤ + ਕੁਇਜ਼ਲੋਫੋਪ ਈਥਾਈਲ 4 ਪ੍ਰਤੀਸ਼ਤ @ 500 ਮਿਲੀਲੀਟਰ ਪ੍ਰਤੀ ਏਕੜ ਨੂੰ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।  ਬਦਲ ਦੇ ਤੌਰ ਤੇ ਉੱਗ ਰਹੇ ਨਦੀਨਾਂ ਨੂੰ ਕਾਬੂ ਕਰਨ ਲਈ ਟਰੈਕਟਰ ਨਾਲ ਚੱਲਣ ਵਾਲੇ ਟਿੱਲਰ/ ਰੋਟਰੀ ਵੀਡਰ ਅਤੇ ਹੱਥਾਂ ਨਾਲ ਗੋਡੀਆਂ ਕਰੋ। ਜੇਕਰ ਜੂੰ ਦਾ ਹਮਲਾ ਜਿਆਦਾ ਹੋਵੇ ਤਾਂ ਇਸ ਦੀ ਰੋਕਥਾਮ ਲਈ ਪ੍ਰੋਫੇਨੋਫੋਸ 50 ਈ. ਸੀ. @ 600 ਮਿਲੀਲੀਟਰ ਪ੍ਰਤੀ ਏਕੜ ਦਾ ਛਿੜਕਾਅ ਕਰੋ। ਜੇ ਚਿੱਟੀ ਮੱਖੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਫਲੋਨੀਕਾਮਿਡ 50 ਡਬਲਯੂ ਜੀ @ 80 ਗ੍ਰਾਮ / ਏਕੜ ਜਾਂ ਡਾਇਨੋਟੇਫੁਰਾਨ 20 ਐਸ ਜੀ @ 60 ਗ੍ਰਾਮ ਪ੍ਰਤੀ ਏਕੜ ਛਿੜਕਾਅ ਕਰੋ; ਜੇਕਰ ਚਿੱਟੀ ਮੱਖੀ ਦੇ ਬਾਲਗਾਂ ਅਤੇ ਬੱਚਿਆਂ ਦਾ ਹਮਲਾ ਜਿਆਦਾ ਹੈ ਤਾਂ ਅਫੀਡੋਪਾਈਰੋਪੇਨ @ 400 ਮਿਲੀਲੀਟਰ ਪ੍ਰਤੀ ਏਕੜ ਜਾਂ ਪਾਈਰੀਪਰੋਕਸੀਫੇਨ @ 400 ਮਿਲੀਲੀਟਰ ਪ੍ਰਤੀ ਏਕੜ ਨੂੰ ਪਹਿਲ ਦਿਉ। ਖ਼ਾਸ ਕਰਕੇ ਅਗੇਤੀ ਬੀਜੀ ਫ਼ਸਲ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਲਈ ਫੁੱਲ–ਡੋਡੀ ਦੀ ਜਾਂਚ ਕਰੋ। ਜੇ ਗੁਲਾਬੀ ਸੁੰਡੀ ਆਰਥਿਕ ਪੱਧਰ ਤੋਂ ਉੱਪਰ ਹੋਵੇ ਤਾਂ ਪ੍ਰੋਫੇਨੋਫੋਸ 50 ਈ. ਸੀ. @ 600 ਮਿਲੀਲੀਟਰ ਪ੍ਰਤੀ ਏਕੜ ਜਾਂ ਇਮਾਮੇਕਟਿਨ ਬੇਨਜ਼ੋਏਟ 5 ਐਸ. ਜੀ. @ 100 ਗ੍ਰਾਮ ਪ੍ਰਤੀ ਏਕੜ ਦਾ ਛਿੜਕਾਅ ਕਰੋ। ਗੁਲਾਬੀ ਸੁੰਡੀ ਦੀ ਨਿਗਰਾਨੀ ਲਈ 2 ਫ਼ਿਰੋਮੋਨ ਟ੍ਰੈਪ ਪ੍ਰਤੀ ਏਕੜ ਦੇ ਹਿਸਾਬ ਨਾਲ ਬੂਟਿਆਂ ਤੋਂ 30 ਸੈਂਟੀਮੀਟਰ ਉੱਪਰ ਲਗਾਓ ਅਤੇ ਲਿਓਰ ਨੂੰ ਸਮੇਂ ਅਨੁਸਾਰ ਬਦਲੋ। ਭਾਰੇ ਮੀਂਹ/ ਸਿੰਚਾਈ ਤੋਂ ਬਾਅਦ ਨਰਮੇਂ ਦੀ ਫ਼ਸਲ ਵਿੱਚ ਪੈਰਾਵਿਲਟ ਕਰਕੇ ਕੁੱਝ ਬੂਟੇ ਮੁਰਝਾ ਜਾਂਦੇ ਹਨ। ਪੈਰਾਵਿਲਟ ਦੀਆਂ ਮੁਢਲੀਆਂ ਨਿਸ਼ਾਨੀਆਂ ਦੇਖਦੇ ਸਾਰ ਹੀ, ਉਹਨਾਂ ਬੂਟਿਆਂ ਉੱਪਰ ਕੋਬਾਲਟ ਕਲੋਰਾਈਡ @10 ਮਿ. ਗ੍ਰਾਮ ਪ੍ਰਤੀ 10 ਲਿਟਰ ਪਾਣੀ ਦਾ ਪ੍ਰਭਾਵਿਤ ਬੂਟਿਆਂ ਤੇ ਛਿੜਕਾਅ ਕਰੋ।